# ਪੱਧਰ- ਦੂਜਾ

**1. ਆਓ! ਇੱਕ ਕਹਾਣੀ ਪੜ੍ਹੀਏ:**

ਸਾਡੇ ਘਰ ਵਿੱਚ ਨਿੱਕੀ ਜਿਹੀ ਫੁਲਵਾੜੀ ਹੈ। ਇਸ ਨੂੰ ਅਸੀਂ ਦੋ ਹਿੱਸਿਆਂ ਵਿੱਚ ਵੰਡਿਆ ਹੋਇਆ ਹੈ। ਇੱਕ ਹਿੱਸੇ ਵਿੱਚ ਅਸੀਂ ਮੌਸਮੀ ਸਬਜ਼ੀਆਂ ਬੀਜ ਦਿੰਦੇ ਹਾਂ। ਦੂਜੇ ਹਿੱਸੇ ਵਿੱਚ ਫੁੱਲਾਂ ਦੇ ਬੂਟੇ ਲਗਾ ਲੈਂਦੇ ਹਾਂ। ਇੱਕ ਐਤਵਾਰ ਵਾਲ਼ੇ ਦਿਨ ਮੈਂ ਤੇ ਮੇਰੇ ਪਾਪਾ ਨੇ ਇਸ ਵਿੱਚੋਂ ਘਾਹ ਕੱਢਿਆ, ਫੇਰ ਇਸ ਦੀ ਗੁਡਾਈ ਕੀਤੀ ਅਤੇ ਮੋਟਰ ਛੱਡ ਕੇ ਪਾਣੀ ਨਾਲ਼ ਭਰ ਦਿੱਤਾ। ਦਾਦਾ ਜੀ ਨੇ ਸ਼ਹਿਰ ਤੋਂ ਨਵੇਂ ਬੀਜ ਲਿਆਂਦੇ। ਅਗਲੇ ਐਤਵਾਰ ਮੈਂ ਤੇ ਪਾਪਾ ਨੇ ਫਿਰ ਗੁਡਾਈ ਕੀਤੀ। ਜ਼ਮੀਨ ਨੂੰ ਚੰਗੀ ਤਰ੍ਹਾਂ ਤਿਆਰ ਕਰ ਕੇ ਉਸ ਵਿੱਚ ਮੂਲੀਆਂ, ਗਾਜਰਾਂ ਅਤੇ ਸ਼ਲਗਮ ਬੀਜ ਦਿੱਤੇ। ਦੂਜੇ ਹਿੱਸੇ ਵਿੱਚ ਗੇਂਦਾ ਅਤੇ ਗੁਲਾਬ ਲਗਾ ਦਿੱਤਾ। ਹਰ ਹਫ਼ਤੇ ਲਗਾਤਾਰ ਪਾਣੀ ਦਿੰਦੇ ਰਹੇ। ਕੁਝ ਹੀ ਦਿਨਾਂ ਵਿੱਚ ਮੂਲੀਆਂ ਅਤੇ ਗਾਜਰਾਂ ਵੱਡੀਆਂ ਹੋ ਗਈਆਂ। ਹੁਣ ਅਸੀਂ ਰੋਜ਼ ਮੂਲੀਆਂ ਦਾ ਸਲਾਦ ਖਾਂਦੇ ਹਾਂ। ਗਾਜਰਾਂ ਅਤੇ ਸ਼ਲਗਮਾਂ ਦੀ ਸਬਜ਼ੀ ਬਣਾਉਂਦੇ ਹਾਂ।

**1. ਉਪਰੋਕਤ ਕਹਾਣੀ ਅਨੁਸਾਰ ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਦਿਓ:**

1. ਕਿਸ ਨੂੰ ਦੋ ਹਿੱਸਿਆਂ ਵਿੱਚ ਵੰਡਿਆ ਹੋਇਆ ਸੀ?

ੳ) ਘਰ ਨੂੰ  ਅ) ਫੁਲਵਾੜੀ ਨੂੰ

ੲ) ਖੇਤ ਨੂੰ  ਸ) ਜ਼ਮੀਨ ਨੂੰ

2. ਫੁਲਵਾੜੀ ਵਿੱਚ ਕਿਹੜੀਆਂ ਸਬਜ਼ੀਆਂ ਬੀਜੀਆਂ ਗਈਆਂ?

ੳ) ਬੈਂਗਣ, ਮੂਲੀਆਂ ਅਤੇ ਗਾਜਰਾਂ  ਅ) ਭਿੰਡੀ, ਸ਼ਲਗਮ ਤੇ ਮੂਲੀਆਂ

ੲ) ਗਾਜਰ, ਸ਼ਲਗਮ ਤੇ ਆਲੂ  ਸ) ਮੂਲੀਆਂ, ਗਾਜਰਾਂ ਅਤੇ ਸ਼ਲਗਮ

**2. ਸਹੀ/ਗ਼ਲਤ:**

1. ਫੁਲਵਾੜੀ ਨੂੰ ਗੇਂਦਾ ਅਤੇ ਗੁਲਾਬ ਦੋ ਹਿੱਸਿਆਂ ਵਿੱਚ ਵੰਡਿਆ ਗਿਆ।
2. ਦਾਦਾ ਜੀ ਨੇ ਸ਼ਹਿਰ ਤੋਂ ਨਵੇਂ ਬੀਜ ਲਿਆਂਦੇ।

**3. ਖ਼ਾਲੀ ਥਾਂਵਾਂ ਭਰੋ:**


1. ਇੱਕ ਹਿੱਸੇ ਵਿੱਚ ਅਸੀਂ ________________ ਬੀਜ ਦਿੰਦੇ ਹਾਂ।
2. ਅਗਲੇ ___________ ਮੈਂ ਤੇ ਪਾਪਾ ਨੇ ਫਿਰ ____________ ਕੀਤੀ।

**4. ਰਚਨਾਤਮਿਕ ਅਭਿਆਸ:**

1. ਮੌਸਮ ਅਨੁਸਾਰ ਗਰਮੀਆਂ ਅਤੇ ਸਰਦੀਆਂ ਦੀ ਸਬਜ਼ੀਆਂ ਦੀ ਵੱਖ-ਵੱਖ ਸੂਚੀ ਤਿਆਰ ਕਰੋ।
2. ਤੁਸੀਂ ਆਪਣੇ ਘਰ ਵਿੱਚ ਫੁਲਵਾੜੀ ਕਿਵੇਂ ਤਿਆਰ ਕਰੋਗੇ? ਉਸ ਵਿੱਚ ਤੁਸੀਂ ਕਿਹੜੀਆਂ-ਕਿਹੜੀਆਂ ਸਬਜ਼ੀਆਂ, ਫ਼ਲ ਅਤੇ ਫੁੱਲ ਲਗਾਓਗੇ ਅਤੇ ਉਹਨਾਂ ਦੀ ਦੇਖਭਾਲ਼ ਕਿਵੇਂ ਕਰੋਗੇ?
3. ਗੁਲਕੰਦ ਕਿਹੜੇ ਫੁੱਲਾਂ ਤੋਂ ਅਤੇ ਕਿਵੇਂ ਤਿਆਰ ਕੀਤਾ ਜਾਂਦਾ ਹੈ?



| ਪੌਦੇ 'ਤੇ ਲੱਗਣ ਵਾਲ਼ੀਆਂ ਸਬਜ਼ੀਆਂ ਦੇ ਨਾਮ | ਵੇਲ 'ਤੇ ਲੱਗਣ ਵਾਲ਼ੀਆਂ ਸਬਜ਼ੀਆਂ ਦੇ ਨਾਮ | ਜ਼ਮੀਨ ਹੇਠ ਉੱਗਣ ਵਾਲ਼ੀਆਂ ਸਬਜ਼ੀਆਂ ਦੇ ਨਾਮ |
|---|---|---|
| | | |


4. ਹੇਠਾਂ ਦਿੱਤੀਆਂ ਸਬਜ਼ੀਆਂ ਦੀ ਵੱਖ-ਵੱਖ ਸੂਚੀ ਤਿਆਰ ਕਰੋ।







| ਫੁੱਲ ਦਾ ਚਿੱਤਰ ਬਣਾਓ | ਗੁਲਕੰਦ ਬਣਾਉਣ ਦੀ ਵਿਧੀ |
|---|---|
| | |

**2. ਚੱਲੋ ਚੱਲੀਏ ਬਾਂਦਰ ਦੇ ਵਿਆਹ 'ਤੇ......**

ਬੱਸ ਨੱਥੋ ਚਾਹੀਦੀ ਉਹ,
ਸਰਨਾਂਵਾਂ ਪੜ੍ਹ ਲੈਂਦੀ ਜੋ।
ਇੱਧਰੋਂ ਖ਼ਤ ਤੇ ਉੱਧਰੋਂ ਤਾਰਾਂ,
ਮਿਲਖੀ ਦੇ ਹੋ ਗਏ ਪੌਂ-ਬਾਰਾਂ।
ਮਿਲਖੀ ਨੱਥੋ ਲੱਭ ਲਿਆਂਦੀ,
ਲਾਲ ਘੱਗਰੀ ਲਾਲ ਪਰਾਂਦੀ।
ਗੱਡੀ ਚੜ੍ਹ ਕੇ ਆਈ ਨੱਥੋ,
ਪੈਰੀਂ ਝਾਂਜਰ ਪਾਈ ਨੱਥੋ।

**1. ਮਿਲਖੀ ਬਾਂਦਰ ਕਿਹੋ-ਜਿਹੀ ਨੱਥੋ ਦੀ ਭਾਲ਼ ਵਿੱਚ ਹੈ?**

ੳ) ਜੋ ਸਰਨਾਂਵਾਂ ਪੜ੍ਹ ਲੈਂਦੀ ਹੋਵੇ।

ਅ) ਜੋ ਖਾਣਾ ਬਣਾ ਲੈਂਦੀ ਹੋਵੇ।

ੲ) ਜੋ ਗੱਡੀ ਚਲਾ ਲੈਂਦੀ ਹੋਵੇ।

ਸ) ਜੋ ਨੱਚ ਲੈਂਦੀ ਹੋਵੇ।

**2. ਨੱਥੋ ਨੇ ਵਿਆਹ ਵੇਲ਼ੇ ਕਿਹੜੀ ਪੁਸ਼ਾਕ ਪਹਿਨੀ ਹੋਈ ਸੀ?**



ੳ) ਲਾਲ ਘੱਗਰੀ ਤੇ ਗੁਲਾਬੀ ਪਰਾਂਦੀ

ਅ) ਲਾਲ ਘੱਗਰੀ ਤੇ ਸੁਨਹਿਰੀ ਪਰਾਂਦੀ

ੲ) ਲਾਲ ਘੱਗਰੀ ਤੇ ਲਾਲ ਪਰਾਂਦੀ

ਸ) ਲਾਲ ਘੱਗਰੀ ਤੇ ਲਾਲ ਚੁੰਨੀ

**3. ਮਿਲ਼ਾਨ ਕਰੋ:**

| ੳ | ਅ |
|---|---|
| ਸਰਨਾਂਵਾਂ | ਝਾਂਜਰ |
| ਘੱਗਰੀ | ਖ਼ਤ |
| ਪੈਰ | ਪਰਾਂਦੀ |

**4. ਹੇਠ ਦਿੱਤੀਆਂ ਵਿਆਹ ਨਾ਼ਲ ਸੰਬੰਧਿਤ ਵਸਤੂਆਂ ਨੂੰ ਮਰਦ ਅਤੇ ਔਰਤ ਦੀ ਵਰਤੋਂ ਅਨੁਸਾਰ ਵੱਖ-ਵੱਖ ਕਰ ਕੇ ਉਹਨਾਂ ਦੇ ਨਾਮ ਲਿਖੋ।**








**5. ਹੇਠ ਦਿੱਤੀ ਤਸਵੀਰ ਨੂੰ ਧਿਆਨ ਨਾਲ਼ ਵੇਖੋ:**



ੳ) ਉਪਰੋਕਤ ਤਸਵੀਰ ਵਿੱਚ ਕਿਹੜੇ-ਕਿਹੜੇ ਜਾਨਵਰ ਨਜ਼ਰ ਆ ਰਹੇ ਹਨ?

ਅ) ਉਪਰੋਕਤ ਤਸਵੀਰ ਵਿੱਚ ਔਰਤਾਂ ਕਿਹੜੇ-ਕਿਹੜੇ ਕੰਮ ਕਰਦੀਆਂ ਨਜ਼ਰ ਆ ਰਹੀਆਂ ਹਨ?

ੲ) ਉਪਰੋਕਤ ਤਸਵੀਰ ਵਿੱਚੋਂ ਕੋਈ ਚਾਰ ਨਾਂਵ ਸ਼ਬਦ ਲੱਭ ਕੇ ਉਹਨਾਂ ਦੇ ਵਾਕ ਬਣਾਓ।

ਸ) ਉਪਰੋਕਤ ਤਸਵੀਰ ਵਿੱਚ ਨਜ਼ਰ ਆ ਰਹੇ ਜਾਨਵਰ ਸਾਡੇ ਲਈ ਕਿਵੇਂ ਲਾਭਦਾਇਕ ਹਨ?

ਹ) ਹੇਠਾਂ ਦਿੱਤੀਆਂ ਤਸਵੀਰਾਂ ਵਿੱਚ ਦਿੱਤੇ ਹੋਏ ਜਾਨਵਰਾਂ ਨੂੰ ਪਛਾਣ ਕੇ ਮੁਹਾਵਰਾ ਲਿਖੋ ਜਿਸ ਵਿੱਚ ਸੰਬੰਧਿਤ ਜਾਨਵਰ ਦਾ ਨਾਮ ਹੋਵੇ ।







**6. ਸ਼ਬਦ-ਲੜੀ ਦੀ ਉਦਾਹਰਨ ਦੇਖ ਕੇ ਹੇਠ ਲਿਖੇ ਸ਼ਬਦਾਂ ਦੀ ਸ਼ਬਦ-ਲੜੀ ਬਣਾਓ:**

**ਉਦਾਹਰਨ:**

ਰਬੜ

ਵੱਡੀ ਰਬੜ

ਚਿੱਟੀ ਵੱਡੀ ਰਬੜ

ਮੇਰੀ ਚਿੱਟੀ ਵੱਡੀ ਰਬੜ

ਮਿਟਾਉਣ ਵਾਲ਼ੀ ਮੇਰੀ ਚਿੱਟੀ ਵੱਡੀ ਰਬੜ

ਵਧੀਆ ਮਿਟਾਉਣ ਵਾਲ਼ੀ ਮੇਰੀ ਚਿੱਟੀ ਵੱਡੀ ਰਬੜ

1. ਪਾਣੀ
2. ਛਤਰੀ
3. ਪਕੌੜੇ

**7. ਰਚਨਾਤਮਿਕ ਅਭਿਆਸ:**

ੳ) ਗਰਮੀਆਂ ਦੀਆਂ ਛੁੱਟੀਆਂ ਵਿੱਚ ਤੁਸੀਂ ਭਾਰਤ ਵਿੱਚ ਕਿਹੜੇ 5 ਸਥਾਨਾਂ 'ਤੇ ਜਾਣਾ ਪਸੰਦ ਕਰੋਗੇ?

ਅ) ਗਰਮੀਆਂ ਦੀਆਂ ਛੁੱਟੀਆਂ ਵਿੱਚ ਤੁਸੀਂ ਆਪਣੇ ਘਰ ਜਾਂ ਆਲ਼ੇ-ਦੁਆਲ਼ੇ ਕਿੰਨੇ ਤੇ ਕਿਹੜੇ-ਕਿਹੜੇ ਰੁੱਖ ਲਗਾਓਗੇ ਤੇ ਉਹਨਾਂ ਦੀ ਦੇਖਭਾਲ਼ ਕਿਵੇਂ ਕਰੋਗੇ?

ੲ) ਪਲਾਸਟਿਕ ਤੋਂ ਬਣੀਆਂ 5 ਵਸਤੂਆਂ ਦੇ ਨਾਮ ਲਿਖੋ ਤੇ ਪਲਾਸਟਿਕ ਦੀ ਵਰਤੋਂ ਘੱਟ ਕਿਉਂ ਕਰਨੀ ਚਾਹੀਦੀ ਹੈ? 5 ਸਤਰਾਂ ਵਿੱਚ ਲਿਖੋ।

ਸ) 'ਮਿਸ਼ਨ ਸਮਰੱਥ' ਦੀ ਕਿਤਾਬ ਵਿੱਚੋਂ 10 ਪੰਨੇ ਸੁੰਦਰ ਲਿਖਾਈ ਵਿੱਚ ਲਿਖੋ।

**8. ਖ਼ਾਲੀ ਥਾਂਵਾਂ ਭਰੋ:**

(ਝੂਠ, ਤਾਰੇ, ਸੂਰਜ, ਪੰਜ)

1. ਰਾਤ ਨੂੰ ਅਸਮਾਨ ਵਿੱਚ ……. ਚਮਕਦੇ ਹਨ।
2. ਨਾਂਵ ਦੀਆਂ …… ਕਿਸਮਾਂ ਹੁੰਦੀਆਂ ਹਨ।
3. ……ਬੋਲਣਾ ਬੁਰੀ ਆਦਤ ਹੈ।
4. ……… ਦੀ ਰੋਸ਼ਨੀ ਸਭ ਨੂੰ ਬਰਾਬਰ ਮਿਲ਼ਦੀ ਹੈ।

**9. ਵਚਨ ਬਦਲੋ:**

1. ਬੱਚਾ
2. ਗਰਮੀ
3. ਪੈਸਾ
4. ਘੜੀ
5. ਬੂਟਾ
6. ਤਾਰਾ
7. ਟੋਲੀ
8. ਕੱਪੜਾ
9. ਰੁੱਖ
10. ਕਿਤਾਬ

**10. ਪੈਰੇ ਵਿੱਚੋਂ ਨਾਂਵ, ਪੜਨਾਂਵ ਅਤੇ ਕਿਰਿਆ ਸ਼ਬਦ ਚੁਣ ਕੇ ਲਿਖੋ।**

ਪਿੰਡ ਦੇ ਗੁਰਦਵਾਰੇ ਵਿੱਚ ਹਰ ਰੋਜ਼ ਸਵੇਰੇ ਚਾਰ ਵਜੇ ਭਾਈ ਦੀ ਅਵਾਜ਼ ਕੰਨੀਂ ਪੈਂਦਿਆਂ ਹੀ ਪਿਆਰਾ ਸਿੰਘ ਮੰਜੇ ਤੋਂ ਉੱਠ ਖੜ੍ਹਦਾ। ਪਹਿਲਾਂ ਉਹ ਪਸ਼ੂਆਂ ਨੂੰ ਪੱਠੇ ਪਾਉਂਦਾ ਫਿਰ ਨਲ਼ਕਾ ਗੇੜ ਕੇ ਪਾਣੀ ਭਰਦਾ ਤੇ 'ਵਾਹਿਗੁਰੂ-ਵਾਹਿਗੁਰੂ' ਬੋਲਦਾ ਇਸ਼ਨਾਨ ਕਰਨ ਲੱਗ ਜਾਂਦਾ। ਇਸ਼ਨਾਨ ਕਰਨ ਤੋਂ ਬਾਅਦ ਉਹ ਬਲ਼ਦਾਂ ਦੀ ਖੁਰਲੀ ਵਿੱਚ ਹੱਥ ਮਾਰ ਕੇ ਪੱਠੇ ਇਕੱਠੇ ਕਰਦਾ ਆਖਦਾ, "ਰੱਜ ਲਓ ਸ਼ੇਰੋ, ਫੇਰ ਖੇਤ ਨੂੰ ਚੱਲਾਂਗੇ।" ਪਸ਼ੂਆਂ ਵੱਲੋਂ ਵਿਹਲਾ ਹੋ ਕੇ ਉਹ ਝਲਾਨੀ ਕੋਲ਼ ਆ ਕੇ ਧੰਨ ਕੌਰ ਨੂੰ ਅਵਾਜ਼ ਮਾਰਦਾ, "ਧੰਨ ਕੁਰੇ! ਲੱਸੀ ਰਿੜਕ ਲਈ ਤਾਂ ਗੜਵੀ ਭਰ ਲਿਆ, ਫੇਰ ਮੈਂ ਖੇਤ ਨੂੰ ਜਾਣਾ।"

.....................................................................................................

.....................................................................................................

.....................................................................................................

.....................................................................................................

.....................................................................................................

.....................................................................................................

.....................................................................................................

.....................................................................................................

.....................................................................................................

.....................................................................................................

.....................................................................................................

.....................................................................................................

.....................................................................................................

.....................................................................................................

.....................................................................................................

.....................................................................................................

.....................................................................................................

.....................................................................................................

**11. ਦਿੱਤੇ ਹੋਏ ਇਸ਼ਤਿਹਾਰ ਨੂੰ ਧਿਆਨ ਨਾਲ਼ ਦੇਖੋ ਤੇ ਹੇਠਾਂ ਪੁੱਛੇ ਗਏ ਪ੍ਰਸ਼ਨਾਂ ਦੇ ਉੱਤਰ ਦਿਓ:**




1. ਖ਼ੂਨਦਾਨ ਕੈਂਪ ਕਿਸ ਸਥਾਨ 'ਤੇ ਲਗਾਇਆ ਗਿਆ?

   ..........................................................................................................

2. ਇਹ ਕੈਂਪ ਭਾਰਤ ਤੋਂ ਇਲਾਵਾ ਹੋਰ ਕਿਹੜੇ ਦੇਸ ਵਿੱਚ ਲਗਾਇਆ ਗਿਆ?

   ..........................................................................................................

3. ਸਾਨੂੰ ਖ਼ੂਨਦਾਨ ਕਿਉਂ ਕਰਨਾ ਚਾਹੀਦਾ ਹੈ?

   ..........................................................................................................

4. ਮਨੁੱਖੀ ਖ਼ੂਨ ਦੇ ਕਿੰਨੇ ਗਰੁੱਪ ਹੁੰਦੇ ਹਨ?

   ..........................................................................................................

5. ਤੁਹਾਡੇ ਖ਼ੂਨ ਦਾ ਗਰੁੱਪ ਕਿਹੜਾ ਹੈ?

   ..........................................................................................................

6. ਕਿਹੜੇ ਖ਼ੂਨ ਗਰੁੱਪ ਦਾ ਵਿਅਕਤੀ ਸਾਰੇ ਵਿਅਕਤੀਆਂ ਨੂੰ ਖ਼ੂਨ ਦੇ ਸਕਦਾ ਹੈ?

   ..........................................................................................................

7. ਕਿਹੜੇ ਖ਼ੂਨ ਗਰੁੱਪ ਦਾ ਵਿਅਕਤੀ ਸਾਰੇ ਵਿਅਕਤੀਆਂ ਤੋਂ ਲੈ ਖ਼ੂਨ ਲੈ ਸਕਦਾ ਹੈ?

   ..........................................................................................................